


### ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਸਲਾਨਾ ਜੋੜ ਮੇਲੇ ਦੌਰਾਨ ਦੇਸ਼ਾਂ-ਵਿਦੇਸ਼ ਤੋਂ ਲੱਖਾਂ ਸੰਗਤਾਂ ਹੋਈਆਂ ਨਤਮਸਤਕ

# ਸੰਤ ਬਾਬਾ ਗੁਰਦੀਪ ਸਿੰਘ ਸਮੇਤ ਅਨੇਕਾਂ ਸੰਤਾ ਮਹਾਂਪੁਰਸ਼ਾਂ ਨੇ ਸੰਗਤਾਂ ਨਾਲ ਪਾਈ ਗੁਰਮਤਿ ਵਿਚਾਰਾਂ ਦੀ ਸਾਂਝ



ਮੋਗਾ / ਭਵਨਦੀਪ ਸਿੰਘ ਪੁਰਬਾ - ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਅਤੇ ਉੱਘੇ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਦੇ ਪ੍ਰਬੰਧਾਂ ਅਤੇ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਜੋੜ ਮੇਲੇ ਦੌਰਾਨ ਆਸ ਪਾਸ ਦੇ ਇਲਾਕੇ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਤੋਂ ਹਜ਼ਾਰਾਂ ਦੀ ਤਦਾਦ 'ਚ ਸੰਗਤਾਂ ਨਤਮਸਤਕ ਹੋਈਆਂ। ਇਸ ਜੋੜ ਮੇਲੇ ਦੌਰਾਨ ਪਿਛਲੇ ਦਿਨਾਂ ਤੋਂ ਚੱਲ ਰਹੀ 501 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ।

ਉਪਰੰਤ ਸਜੇ ਦੀਵਾਨ 'ਚ ਭਾਈ ਇਕਬਾਲ ਸਿੰਘ ਲੰਗੇਆਣਾ, ਭਾਈ ਜੁਗਿੰਦਰ ਸਿੰਘ ਫਰੀਦਕੋਟ, ਭਾਈ ਜੱਸਾ ਸਿੰਘ ਜਲੰਧਰ, ਭਾਈ ਰਣਧੀਰ ਸਿੰਘ ਡਰੋਲੀ, ਭਾਈ ਸੁਖਵੰਤ ਸਿੰਘ ਸੋਢੀ, ਗਿਆਨੀ ਗੁਰਦੀਪ ਸਿੰਘ ਅਤੇ ਹੋਰਨਾਂ ਜਥਿਆਂ ਨੇ ਕੀਰਤਨ ਕੀਤਾ। ਧਾਰਮਿਕ ਦੀਵਾਨਾਂ ਦੌਰਾਨ ਫੁੱਲਾਂ ਨਾਲ ਸ਼ਿੰਗਾਰੀ ਹੋਈ ਸੁੰਦਰ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਅਤੇ ਸਟੇਜ 'ਤੇ ਪੰਜ ਪਿਆਰੇ ਖਾਲਸਾਈ ਪਹਿਰਾਵੇ ਵਿਚ ਸੰਗਤਾਂ ਨੂੰ ਬਾਣੀ ਅਤੇ ਬਾਣੇ ਵਿਚ ਪ੍ਰਪੱਕ ਹੋਣ ਦਾ ਸੰਦੇਸ਼ ਦੇ ਰਹੇ ਸਨ।

ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਇਹ ਹੀਰਾ ਜਨਮ ਚੰਗੇ ਭਾਗਾਂ ਨਾਲ ਮਿਲਿਆ ਹੈ ਇਸ ਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ ਅਤੇ ਵੱਧ ਤੋ ਵੱਧ ਪ੍ਰਮਾਤਮਾ ਦਾ ਨਾਮ ਦਾ ਜਪਣਾ ਚਾਹੀਦਾ ਹੈ। ਬਾਬਾ ਗੁਰਦੀਪ ਸਿੰਘ ਨੇ ਐਲਾਨ ਕੀਤਾ ਕਿ ਵਿਸਾਖੀ ਵਾਲੇ ਦਿਨ ਇਸ ਅਸਥਾਨ 'ਤੇ ਅੰਮਿਤ ਸੰਚਾਰ ਕੀਤਾ ਜਾਵੇਗਾ। ਸੰਤ ਬਾਬਾ ਨਛੱਤਰ ਸਿੰਘ ਦੀ ਯਾਦ ਵਿਚ ਇਥੇ ਇਕ ਸੰਗੀਤ ਵਿਦਿਆਲਾ ਖੋਲ੍ਹਿਆ ਜਾਵੇਗਾ ਤੇ ਨੌਜਵਾਨਾਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨ ਵਾਸਤੇ ਸੰਧਿਆ ਵੀ ਕਰਵਾਈ ਜਾਇਆ ਕਰੇਗੀ। ਉਨ੍ਹਾਂ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਪਿਛੋਕੜ ਬਾਰੇ ਵੀ ਸੰਗਤਾਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਜੋੜ ਮੇਲੇ ਵਿਚ ਦੇਸ਼ ਵਿਦੇਸ਼ ਤੋਂ ਪੁੱਜੀਆਂ ਲੱਖਾਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਕਿਹਾ।

ਜੋੜ ਮੇਲੇ ਵਿਚ ਪੁੱਜੇ ਸੰਤਾਂ ਮਹਾਂਪੁਰਸ਼ਾਂ ਵਿਚ ਸੰਤ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ, ਸੰਤ ਬੇਅੰਤ ਸਿੰਘ ਬੇਰਕਲਾਂ, ਸੰਤ ਬਾਬਾ ਸਰਬਜੋਤ ਸਿੰਘ ਡਾਗੋਂ, ਬਾਬਾ ਜਸਵੰਤ ਸਿੰਘ ਭਾਵੜਾ ਲੁਧਿਆਣਾ, ਬਾਬਾ ਬਲਦੇਵ ਸਿੰਘ ਲੁਧਿਆਣਾ, ਬਾਬਾ ਭਜਨ ਸਿੰਘ ਕਪੂਰੇ, ਬਾਬਾ ਜਗਸੀਰ ਸਿੰਘ ਧੂੜਕੋਟ, ਬਾਬਾ ਮਲਾਗਰ ਸਿੰਘ ਲੰਗੇਆਣਾ, ਸੰਤ ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ, ਬਾਬਾ ਜਗਤਾਰ ਸਿੰਘ ਮਸਤਾਨਾ ਲੁਧਿਆਣਾ, ਬਾਬਾ ਹਾਕਮ ਸਿੰਘ, ਬਾਬਾ ਹਰੀ ਸਿੰਘ, ਬਾਬਾ ਜਸਵੀਰ ਸਿੰਘ ਲੁਹਾਰਾ, ਬਾਬਾ ਅਨੂਪ ਸਿੰਘ ਬਠਿੰਡੇ ਵਾਲੇ, ਬਾਬਾ ਸੁਖਦੇਵ ਸਿੰਘ ਡਮੇਲੀ ਵਾਲੇ, ਬਾਬਾ ਸੁਖਵਿੰਦਰ ਸਿੰਘ ਟਿੱਬੇ ਵਾਲੇ, ਸੰਤ ਬਲਜੀਤ ਦਾਸ ਰਿਸ਼ੀਕੇਸ਼, ਸੰਤ ਹਰੀ ਸਿੰਘ ਡੇਹਰਾਦੂਨ, ਸੰਤ ਅਵਤਾਰ ਸਿੰਘ ਲੁਧਿਆਣਾ, ਸੰਤ ਕਰਪਾਲ ਸਿੰਘ ਕਰਤਾਰਪੁਰ, ਸੁਖਦੇਵ ਸਿੰਘ ਬੇਰਕਲਾਂ, ਸੰਤ ਭਾਗ ਸਿੰਘ ਨਾਨਕਸਰ, ਮਹੰਤ ਮਹਿੰਦਰ ਦਾਸ ਕੋਠਾ ਗੁਰੂ, ਸੰਤ ਗਣੇਸ਼ਪੁਰੀ, ਸੰਤ ਦੇਵਾਨੰਦ, ਸੰਤ ਮੋਹਨਦਾਸ ਬਰਗਾੜੀ, ਬਾਬਾ ਨਿੱਕੇ ਸ਼ਾਹ, ਬਾਬਾ ਬਲਕਾਰ ਸਿੰਘ ਘੋਲੀਆ, ਬਾਬਾ ਕਰਮਜੀਤ ਸਿੰਘ ਲੰਗੇਆਣਾ ਅਤੇ ਹੋਰਨਾਂ ਮਹਾਂਪੁਰਖਾਂ ਨੇ ਪ੍ਰਵਚਨ ਕਰਦੇ ਹੋਇਆ ਸੰਗਤਾਂ ਨੂੰ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਕੀਤੇ ਸਿੱਖੀ ਦੇ ਪ੍ਰਚਾਰ ਅਤੇ ਮਾਨਵਤਾ ਦੀ ਭਲਾਈ ਦੇ ਕਾਰਜਾਂ ਨੂੰ ਲੈ ਕੇ ਜਾਣਕਾਰੀ ਦਿੱਤੀ। ਇਸ ਮੌਕੇ ਬੀਬੀ ਅਮਨਪ੍ਰੀਤ ਕੌਰ ਖਾਲਸਾ ਸਿੱਧਵਾਂ, ਭਾਈ ਸੁਖਦੇਵ ਸਿੰਘ ਚਮਕਾਰਾ ਅਤੇ ਹੋਰਨਾਂ ਜਥਿਆਂ ਨੇ ਗੁਰਸਿੱਖੀ ਇਤਿਹਾਸ ਸੁਣਾਇਆ। ਇਸ ਮੌਕੇ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ, ਵਿਧਾਇਕ ਮਹੇਸ਼ਇੰਦਰ ਸਿੰਘ, ਸਾਬਕਾ ਜਸਟਿਸ ਮਹਿਤਾਬ ਸਿੰਘ ਗਿੱਲ, ਚੇਅਰਮੈਨ ਤਰਸੇਮ ਸਿੰਘ ਰੱਤੀਆਂ ਅਤੇ ਹੋਰਨਾਂ ਰਾਜਸੀ ਅਤੇ ਗੈਰ ਰਾਜਸੀ ਜਥੇਬੰਦੀਆਂ ਦੇ ਆਗੂ ਵੀ ਪਹੁੰਚੇ ਹੋਏ ਸਨ। ਸੰਗਤਾਂ ਲਈ ਅੱਠ ਥਾਵਾਂ 'ਤੇ ਵੱਖ-ਵੱਖ ਪ੍ਰਕਾਰ ਦੇ ਲੰਗਰ ਪਿੰਡਾਂ ਦੀਆਂ ਪੰਚਾਇਤਾਂ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਲਗਾਏ ਗਏ ਸਨ। ਅੰਤ ਵਿਚ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਸਮੂਹ ਸੰਗਤਾਂ ਮਹਾਂਪੁਰਖਾਂ, ਉੱਚ ਸ਼ਖਸੀਅਤਾਂ, ਸਹਿਯੋਗੀਆਂ ਅਤੇ ਰਾਗੀ, ਢਾਡੀ ਜਥਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਬਲਜਿੰਦਰ ਸਿੰਘ ਕੁੱਕੂ ਘੱਲ ਕਲਾਂ, ਚਮਕੌਰ ਸਿੰਘ ਇਟਲੀ, ਜਥੇਦਾਰ ਦਰਸ਼ਨ ਸਿੰਘ ਡਰੋਲੀ ਭਾਈ, ਕਾਸਲਰ ਨੰਦ ਸਿੰਘ ਬਰਾੜ, ਤਰਲੋਕ ਸਿੰਘ ਸਿੰਘਾਂ ਵਾਲਾ, ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ, ਜੱਥੇਦਾਰ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆ, ਪ੍ਰਧਾਨ ਰਵਿੰਦਰ ਸਿੰਘ ਧੰਨਾ ਚੰਦ ਨਵਾਂ, ਪ੍ਰਧਾਨ ਅਵਤਾਰ ਸਿੰਘ ਸੰਘਾ ਤਹਿਸੀਲ ਕੰਪਲੈਕਸ, ਮਲਜੀਤ ਸਿੰਘ ਕਿੰਗਰਾ, ਨਰਿੰਦਰਜੀਤ ਸਿੰਘ ਸੰਤ, ਜਥੇਦਾਰ ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਜਸਵੀਰ ਕੌਰ ਲੰਡੇ, ਡੀ.ਐੱਸ.ਪੀ ਜਸਵੀਰ ਸਿੰਘ ਰਾਏ, ਡੀ.ਐੱਸ.ਪੀ. ਜੈਮਲ ਸਿੰਘ, ਡੀ.ਐੱਸ.ਪੀ. ਹਰਿੰਦਰ ਸਿੰਘ ਡੋਡ, ਜਥੇਦਾਰ ਹਰਿੰਦਰ ਸਿੰਘ ਰਣੀਆ, ਕੁਲਬੀਰ ਸਿੰਘ ਕੋਠੇ ਪੱਤੀ ਮੁਹੱਬਤ, ਭਾਈ ਬਲਦੇਵ ਸਿੰਘ ਮੋਗਾ, ਗੁਰਚੇਤਨ ਸਿੰਘ ਜਰਮਨ ਵਾਲੇ, ਸਰਪੰਚ ਜਸਵੀਰ ਸਿੰਘ ਚੰਦ ਪੁਰਾਣਾ, ਪਿਤਪਾਲ ਸਿੰਘ ਸਾਬਕਾ ਸਰਪੰਚ, ਨਿਰਮਲ ਸਿੰਘ ਡੇਅਰੀ ਵਾਲਾ, ਲਖਵਿੰਦਰ ਸਿੰਘ ਬੀੜ ਵਾਲੇ, ਰਾਜੂ ਸਿੰਘ, ਭਾਈ ਚਮਕੌਰ ਸਿੰਘ ਸੰਘਾ, ਐੱਸ.ਐੱਚ.ਓ. ਦਰਬਾਰਾ ਸਿੰਘ, ਮੇਜਰ ਸਿੰਘ ਗਿੱਲ, ਬਿੱਲੂ ਸਿੰਘ, ਅਜਮੇਰ ਸਿੰਘ, ਗੁਰਪ੍ਰੀਤ ਸਿੰਘ, ਲਵਪ੍ਰੀਤ ਸਿੰਘ ਦੋਵੇਂ ਪਿੰਡ ਚੱਕ ਭੋਰੇ, ਗੁਰਦੀਪ ਸਿੰਘ ਲੰਗੇਆਣਾ, ਬਲਦੇਵ ਸਿੰਘ ਸਕਿਉਰਟੀ ਇੰਚਾਰਜ, ਭਾਈ ਜਗਰਾਜ ਸਿੰਘ ਮੌੜ, ਵੀਰਭਾਨ ਮਾਲਵਾ ਕਵੀਸ਼ਰ, ਬਲਵੀਰ ਸਿੰਘ ਰਾਮੂੰਵਾਲਾ, ਜਗਜੀਤ ਸਿੰਘ ਜੌੜਾ ਪੀ.ਏ., ਮਹਿੰਦਰ ਸਿੰਘ ਮਹਿਰੋਂ, ਭਾਈ ਹਰੀਕਿਸ਼ਨ ਪਟਨੇ ਵਾਲੇ ਅਤੇ ਦੇਸ਼ ਵਿਦੇਸ਼ ਤੋ ਹੋਰਨਾਂ ਉੱਚ ਸ਼ਖਸੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਿਰਕਤ ਕੀਤੀ। ਜੋੜ ਮੇਲੇ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਕਲੱਬਾਂ ਅਤੇ ਹੋਰਨਾਂ ਸੰਸਥਾਵਾਂ ਵਲੋਂ ਲੰਗਰ, ਚਾਹ ਪਕੌੜੇ ਅਤੇ ਛਬੀਲਾਂ ਆਦਿ ਲਗਾਈਆਂ ਗਈਆਂ।

# ਬਾਬਾ ਪਵਨਦੀਪ ਸਿੰਘ ਦੀ ਸਰਪ੍ਰਸਤੀ ਹੇਠ ਸਲਾਨਾ ਧਾਰਮਿਕ ਸਮਾਗਮ ਸ਼ਰਧਾ ਤੇ ਸਨਮਾਨ ਨਾਲ ਮਨਾਇਆ ਅਤੇ ਸੱਤਾ ਪਿੰਡਾਂ ਦਾ ਹੋਇਆਂ ਵਿਸ਼ਾਲ ਨਗਰ ਕੀਰਤਨ

### ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਅਤੇ ਅਨੇਕਾ ਸੰਤ ਮਹਾਪੁਰਖ ਮੁੱਖ ਤੌਰ ਤੇ ਹੋਏ ਹਾਜ਼ਰ



ਮੋਗਾ (ਭਵਨਦੀਪ ਸਿੰਘ ਪੁਰਬਾ) - ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ ਧੰਨ ਧੰਨ ਬਾਬਾ ਨਰਾਇਨ ਹਰੀ ਜੀ ਦੀ ਯਾਦ ਵਿੱਚ ਸੱਤਾ ਪਿੰਡਾ ਦਾ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਹ ਨਗਰ ਕੀਰਤਨ ਸੱਚਖੰਡ ਵਾਸੀ ਸੰਤ ਬਾਬਾ ਪਾਲਾ ਸਿੰਘ ਜੀ ਦੇ ਤਪ ਅਸਥਾਨ ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਤੋਂ ਆਰੰਭ ਹੋ ਕੇ ਕੜਿਆਲ ਪਿੰਡ, ਚੀਮਾ, ਚੁੱਘਾ ਖੁਰਦ, ਚੁੱਘਾ ਕਲਾ, ਫਤਹਿਗੜ ਕੋਰੋਟਾਣਾ, ਜਲਾਲਾਬਾਦ ਅਤੇ ਧਰਮਕੋਟ ਵਿੱਚ ਦੀ ਹੁੰਦਾ ਹੋਇਆ ਦੇਰ ਰਾਤ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।

ਇਸ ਵਿਸ਼ਾਲ ਨਗਰ ਕੀਰਤਨ ਵਿੱਚ ਫੁੱਲਾਂ ਨਾਲ ਸਜੀ ਗੁਰੂ ਸਾਹਿਬ ਦੀ ਸੁੰਦਰ ਪਾਲਕੀ ਅਤੇ ਮਿਲਟਰੀ ਬੈਂਡ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਇਆ। ਇਸ ਨਗਰ ਕੀਰਤਨ ਵਿੱਚ ਰਾਗੀ ਜੱਥਿਆਂ ਤੋਂ ਇਲਾਵਾ ਗਿਆਨੀ ਗੁਰਬਚਨ ਸਿੰਘ ਖਾਲਸਾ ਸ਼ੇਰਪੁਰੀ, ਜਸਵੀਰ ਸਿੰਘ ਜੱਸਾ, ਗੁਰਪ੍ਰੀਤ ਸਿੰਘ ਕੋਮਲ, ਜਿਆਨੀ ਦਰਸ਼ਨ ਸਿੰਘ ਜੀ ਲਾਲ ਸ਼ੇਰਪੁਰੀ, ਕਵੀਸ਼ਰ ਨਰੰਜਣ ਸਿੰਘ ਗਿੱਲ, ਭਾਈ ਛਿੰਦਰ ਸਿੰਘ ਤਾਰੇਵਾਲਾ, ਭਾਈ ਚਮਕੌਰ ਸਿੰਘ ਲੋਪੋ ਦੇ ਜੱਥਿਆ ਨੇ ਗੁਰੂ ਜਸ਼ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਹਰ ਪਿੰਡ ਵਿੱਚ ਦੋ-ਦੋ ਤਿੰਨ-ਤਿੰਨ ਪੜਾਅ ਸਨ ਜਿਥੇ ਸੰਗਤਾਂ ਨੇ ਜੱਥਿਆ ਪਾਸੋਂ ਬਾਣੀ ਸਰਵਨ ਕੀਤੀ। ਪਿੰਡ ਵਿੱਚ ਪੜਾਅ 'ਤੇ ਸੰਗਤਾਂ ਵੱਲੋਂ ਚਾਹ, ਪਕੌੜੇ, ਲੱਡੂਆਂ ਅਤੇ ਪ੍ਰਸਾਦਿਆਂ ਦੇ ਲੰਗਰ ਲਗਾਏ ਗਏ ਸਨ।

ਕੇਰ ਵਾਲੀ ਖੂਹੀ ਕੜਿਆਲ ਵਿਖੇ ਬਾਬਾ ਨਰਾਇਨ ਹਰੀ ਜੀ ਦੀ ਯਾਦ ਵਿੱਚ ਅਤੇ ਸੱਚਖੰਡ ਵਾਸੀ ਸੰਤ ਬਾਬਾ ਪਾਲਾ ਸਿੰਘ ਜੀ ਦੀ ਦੂਸਰੀ ਸਲਾਨਾ ਬਰਸੀ ਦੇ ਸਬੰਧ ਵਿੱਚ ਸਲਾਨਾ ਸੱਤ ਦਿਨਾ ਸਲਾਨਾ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ 1 ਮਾਰਚ 2016 ਤੋਂ 7 ਮਾਰਚ 2016 ਤੱਕ ਤਪ ਅਸਥਾਨ ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਹੋਇਆਂ। ਇਨ੍ਹਾਂ ਸਮਾਗਮਾ ਵਿੱਚ ਹਰ ਰੋਜ ਸ਼ਾਮ 7 ਵਜੇ ਤੋਂ ਰਾਤ 11 ਵਜੇ ਤੱਕ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਪ੍ਰਸਿਧ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ, ਸੰਤ ਬਾਬਾ ਰਾਮ ਸਿੰਘ ਦਮਦਮੀ ਟਕਸਾਲ ਵਾਲੇ, ਭਾਈ ਬਲਦੇਵ ਸਿੰਘ ਬਡਾਲਾ, ਸੰਤ ਬਾਬਾ ਅਵਤਾਰ ਸਿੰਘ ਧੂਲਕੋਟ ਵਾਲੇ, ਸੰਤ ਬਾਬਾ ਹਰਵਿੰਦਰ ਸਿੰਘ ਰੋਲੀ ਵਾਲੇ, ਸੰਤ ਬਾਬਾ ਜੋਰਾ ਸਿੰਘ ਧਰਮਕੋਟ ਵਾਲੇ, ਸੰਤ ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲੇ, ਸੰਤ ਬਾਬਾ ਪੰਜਾਬ ਸਿੰਘ ਮਾਧਪੁਰ ਵਾਲੇ ਮਹਾਪੁਰਖਾਂ ਨੇ ਆਪਣੇ ਪ੍ਰਵਚਨਾਂ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ।

ਸੱਤ ਦਿਨਾ ਦੇ ਰਾਤ ਦੇ ਦੀਵਾਨਾ ਦੀ ਸੰਪੂਰਨਤਾ ਤੇ ਸੁਬਾ 10 ਵਜੇ ਬਰਸੀ ਦੇ ਭੋਗ ਪਾਏ ਗਏ। ਭੋਗ ਉਪਰੰਤ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਮੁੱਖ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਤੋਂ ਇਲਾਵਾ ਸੰਤ ਬਾਬਾ ਬਲਦੇਵ ਸਿੰਘ ਮੰਡੀਰਾ ਵਾਲੇ, ਮਹੰਤ ਮਹਿੰਦਰ ਸਿੰਘ ਜੀ ਕੋਠਾ ਗੁਰੂਕਾ, ਸੰਤ ਬਾਬਾ ਇਕਬਾਲ ਸਿੰਘ ਦੱਲੂਵਾਲਾ, ਸੰਤ ਬਾਬਾ ਰਾਮਦੇਵ ਸਿੰਘ ਭਗਤਾ ਭਾਈਕਾ ਵਾਲੇ, ਸੰਤ ਬਾਬਾ ਸੁਰਿੰਦਰ ਸਿੰਘ 'ਫਰੀਦ' ਚੁੱਘਾ ਕਲਾ ਵਾਲੇ, ਭਾਈ ਹਰਕ੍ਰਿਸਨ ਸਿੰਘ ਪਟਨੇ ਵਾਲੇ, ਭਾਈ ਜਤਿੰਦਰ ਸਿੰਘ, ਸੰਤ ਬਾਬਾ ਜਗਤਾਰ ਸਿੰਘ ਮਸਤਾਨਾ, ਸੰਤ ਬਾਬਾ ਸਰਬਜੋਤ ਸਿੰਘ ਡਾਂਗੋ ਵਾਲੇ, ਸੰਤ ਬਾਬਾ ਰਣਜੀਤ ਸਿੰਘ ਗੁਜਰਵਾਲ ਵਾਲੇ, ਸੰਤ ਬਾਬਾ ਜਸਪਾਲ ਸਿੰਘ ਲੱਲੀਆ ਵਾਲੇ, ਸੰਤ ਬਾਬਾ ਨਿਰਮਲ ਸਿੰਘ ਪੱਪੂ ਲੰਡੇ ਵਾਲੇ, ਗਿਆਨੀ ਨਵਜੋਤ ਸਿੰਘ, ਸੰਤ ਬਾਬਾ ਜਰਨੈਲ ਸਿੰਘ ਮੱਲੇਆਣਾ ਵਾਲੇ, ਸੰਤ ਬਾਬਾ ਭੋਲਾ ਸਿੰਘ ਬੱਡੂਵਾਲ ਵਾਲੇ, ਮਹੰਤ ਸਿਵਰਾਓ ਜੀ ਧਰਮਕੋਟ, ਸੰਤ ਬਾਬਾ ਭਰਪੂਰ ਸਿੰਘ ਭਦੋੜ ਵਾਲੇ, ਸੰਤ ਬਾਬਾ ਮੇਹਰ ਸਿੰਘ ਸਮਾਧ ਭਾਈ ਵਾਲੇ, ਸੰਤ ਬਾਬਾ ਸੁਖਦੀਪ ਸਿੰਘ ਕਾਲੀਏ ਵਾਲੇ, ਸੰਤ ਬਾਬਾ ਦਵਿੰਦਰ ਸਿੰਘ ਪੀਰ ਮੁਹੱਮਦ ਵਾਲੇ, ਭਾਈ ਜਸਵਿੰਦਰ ਸਿੰਘ ਘੋਲੀਆਂ ਕਰਿਤਨੀ ਜੱਥਾ, ਸੰਤ ਬਾਬਾ ਭਗਤ ਸਿੰਘ ਢੱਕੀ ਖਾਸੀ ਕਲਾ ਵਾਲੇ, ਸੰਤ ਬਾਬਾ ਇੰਦਰਪਾਲ ਸਿੰਘ ਦੇਵੀਵਾਲ ਵਾਲੇ, ਸੰਤ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ ਵਾਲੇ, ਪੰਚਾਈਤੀ ਨਿਰਮਲ ਅਖਾੜੇ ਦੇ ਮੁੱਖੀ ਮਹੰਤ ਦਰਸ਼ਨ ਸਿੰਘ ਪੰਜਗਰਾਈ ਵਾਲੇ, ਸੰਤ ਬਾਬਾ ਹਮੀਰ ਸਿੰਘ ਜਵੱਧੀ ਟਕਸਾਲ ਵਾਲੇ, ਰਾਮਗੜੀਆ ਮਿਸਲ ਦੇ ਮੁਖੀ ਜੱਥੇਦਾਰ ਦਵਿੰਦਰ ਸਿੰਘ, ਸੰਤ ਬਾਬਾ ਜਰਨੈਲ ਸਿੰਘ ਕਪੂਰਿਆ ਵਾਲੇ, ਸੰਤ ਬਾਬਾ ਇੰਦਰਜੀਤ ਸਿੰਘ ਕੋਠੇ ਥੇਹ ਵਾਲੇ, ਸੰਤ ਬਾਬਾ ਦਵਿੰਦਰ ਸਿੰਘ ਫਤਹਿਗੜ• ਕੋਰੋਟਾਣਾ ਵਾਲੇ, ਸੰਤ ਬਾਬਾ ਅਮਰਜੀਤ ਸਿੰਘ ਨਾਨਕਸਰ ਧਰਮਕੋਟ ਵਾਲੇ, ਸੰਤ ਬਾਬਾ ਮਨੋਹਰ ਸਿੰਘ ਚੁੱਘਾ ਖੁਰਦ, ਬਾਬਾ ਕੁਲਦੀਪ ਸਿੰਘ ਸੇਖਾ, ਸੰਤ ਬਾਬਾ ਮਹਿੰਦਰ ਸਿੰਘ ਮੋਗਾ, ਗਿਆਨੀ ਮਲਕੀਤ ਸਿੰਘ ਪੰਖੇਰੂ ਆਦਿ ਨੇ ਹਾਜ਼ਰ ਹੋ ਕੇ ਕਥਾ ਤੇ ਕੀਰਤਨ ਰਾਹੀ ਹਾਜ਼ਰੀ ਲਵਾਈ। ਸਟੇਜ ਦੀ ਸੇਵਾ ਜੱਥੇਦਾਰ ਕੁਲਵਿੰਦਰ ਸਿੰਘ ਧਰਮਕੋਟ ਵਾਲਿਆ ਨੇ ਨਿਭਾਈ। ਇਹ ਸਮਾਗਮਾ ਵਿੱਚ ਹੋਰਨਾ ਤੋਂ ਇਲਾਵਾ ਸੇਵਾਦਾਰ ਗੁਰਜੀਤ ਸਿੰਘ, ਨੰਬਰਦਾਰ ਜਸਮੇਲ ਸਿੰਘ, ਮਿਸਤਰੀ ਨਰੈਣ ਸਿੰਘ, ਰਮਨ ਸਿੰਘ, ਗੋਰਾ ਸਿੰਘ ਕੜਿਆਲ, ਗੁਰਜਿੰਦਰ ਸਿੰਘ, ਜੱਜ ਸਿੰਘ, ਤਰਲੋਕ ਸਿੰਘ, ਦਲੀਪ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਧਰਮਕੋਟ, ਪ੍ਰਧਾਨ ਸਿੰਘ, ਸੁਖਦਿਆਲ ਸਿੰਘ, ਸੁਖਵਿੰਦਰ ਸਿੰਘ, ਵਾਈਸ ਚੈਅਰਮੇਨ ਗੁਰਨਾਮ ਸਿੰਘ ਆਦਿ ਮੁੱਖ ਤੌਰ ਤੇ ਹਾਜ਼ਰ ਸਨ।